**ਦਫਤਰ: ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ, ਸ.ਅ.ਸ.ਨਗਰ।**
**(ਸੈਕੰਡਰੀ ਸਿੱਖਿਆ ਸ਼ਾਖਾ)**

ਵੱਲ

ਰਾਜ ਦੇ ਸਮੂਹ ਜਿਲ੍ਹਾ ਸਿਖਿਆ ਅਫਸਰ(ਸੈ:ਸਿ:/ਐ:ਸਿ:)
ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀਂ)।

ਮੀਮੋ ਨੰਬਰ 10/150-19 ਸੈ:ਸਿ:(6)|2019393388
ਮਿਤੀ: ਸ.ਅ.ਸ.ਨਗਰ, 19|11|19

2019253128
20|11|19

ਵਿਸ਼ਾ:- ਔਰਤਾਂ ਅਤੇ ਬੱਚਿਆਂ ਦੀ ਸੁਰੱਖਿਆ ਲਈ ਹੈਲਪ ਲਾਈਨ ਨੰਬਰਾਂ ਸਬੰਧੀ।

1.0 ਉਕਤ ਵਿਸ਼ੇ ਸਬੰਧੀ ਪੁਲਿਸ ਵਿਭਾਗ ਵੱਲੋਂ ਇਹ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਅਤੇ ਸਕੂਲ ਬੱਸ ਵਿੱਚ ਔਰਤਾਂ ਦੀ ਸੁਰੱਖਿਆ ਲਈ ਹੈਲਪਲਾਇਨ 1091 ਦੇ ਪੋਸਟਰ ਲੱਗੇ ਹੋਏ ਹਨ, ਜਦਕਿ ਇਹ ਹੈਲਪਲਾਇਨ 1091 ਨੰਬਰ ਪੰਜਾਬ ਵਿੱਚ ਬੰਦ ਹੋ ਚੁੱਕਾ ਹੈ। ਹੁਣ ਔਰਤਾਂ ਅਤੇ ਬੱਚਿਆਂ ਦੀ ਸੁਰੱਖਿਆ ਲਈ ਪੰਜਾਬ ਪੁਲਿਸ ਵੱਲੋਂ ਪੁਲਿਸ ਹੈਲਪ ਲਾਈਨ ਨੰਬਰ 181 ਅਤੇ ਨੈਸ਼ਨਵਾਇਡ ਐਮਰਜੈਂਸੀ ਰਿਸਪੋਂਸ ਸਿਸਟਮ ਡਾਇਲ "112" ਜਾਰੀ ਕੀਤਾ ਗਿਆ ਹੈ, ਜੋ ਕਿ 24×7 ਕੰਮ ਕਰ ਰਿਹਾ ਹੈ। ਇਹਨਾਂ ਹੈਲਪ ਲਾਇਨ ਨੰਬਰਾਂ ਤੇ ਐਮਰਜੈਂਸੀ ਕਾਲ ਪ੍ਰਾਪਤ ਹੋਣ ਤੇ ਤੁਰੰਤ ਲੋੜੀਂਦੀ ਕਾਰਵਾਈ ਕੀਤੀ ਜਾਂਦੀ ਹੈ।

2.0 ਇਸ ਤੋਂ ਇਲਾਵਾ ਔਰਤਾਂ ਦੀ ਸੁਰੱਖਿਆ ਲਈ ਪੰਜਾਬ ਪੁਲਿਸ ਕਮਿਊਨਟੀ ਪੁਲਿਸਿੰਗ ਵਿੰਗ ਵੱਲੋਂ ਮੋਬਾਇਲ ਐਪ "ਸ਼ਕਤੀ" ਜਾਰੀ ਕੀਤੀ ਗਈ ਹੈ।ਇਸ ਐਪ ਨੂੰ ਡਾਊਨਲੋਡ ਕਰਕੇ ਇਸ ਦਾ ਲਾਭ ਲਿਆ ਜਾ ਸਕਦਾ ਹੈ।

3.0 ਉਕਤ ਜਾਣਕਾਰੀ ਆਪ ਦੀ ਸੂਚਨਾ ਅਤੇ ਇਸ ਦਾ ਵੱਧ ਤੋਂ ਵੱਧ ਪ੍ਰਸਾਰ ਕਰਨ ਹਿਤ ਅਤੇ ਵੱਧ ਤੋਂ ਵੱਧ ਜਾਰਗੂਕਤਾ ਪੈਦਾ ਕਰਨ ਹਿਤ ਆਪ ਨੂੰ ਭੇਜੀ ਜਾਂਦੀ ਹੈ।

ਡਾਇਰੈਕਟਰ ਸਿਖਿਆ ਵਿਭਾਗ(ਸੈ:ਸਿ:) ਪੰਜਾਬ।